StudentBounty.com

नामांक Roll No.

| | | | | | | |
|---|---|---|---|---|---|---|
| | | | | | | |

No. of Questions — 14

No. of Printed Pages — 7

**SS—25—Punjabi Sah.**

# उच्च माध्यमिक परीक्षा, 2013

# SENIOR SECONDARY EXAMINATION, 2013

## PUNJABI SAHITYA

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 4, 8 ਤੋਂ 10 ਅਤੇ 14 ਵਿੱਚ ਆਂਤਰਿਕ ਵਿਕੱਲਪ ਹੈ ।

StudentBounty.com



1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

ਇਨਸਾਨੀ ਵਿਕਾਸ ਵਿੱਚ ਦੁੱਖ ਦੀ ਬੜੀ ਮਹੱਤਤਾ ਹੈ। ਦੁੱਖ ਇੱਕ ਐਸਾ ਚੌਕੀਦਾਰ ਹੈ, ਜੋ ਅਕਲ ਨੂੰ ਸੌਣ ਨਹੀਂ ਦਿੰਦਾ, ਜਗਾਈ ਰੱਖਦਾ ਹੈ। ਅਗਿਆਨਤਾ ਰੋਗ ਦਾ ਦਾਰੂ ਦੁੱਖ ਹੀ ਹੈ। ਜੇ ਦੁੱਖ ਨਾ ਹੁੰਦਾ, ਤਾਂ ਇਨਸਾਨ ਦਾ ਵਿਕਾਸ ਬੰਦ ਹੋ ਜਾਂਦਾ। "ਰੰਗ ਲਾਤੀ ਹੈ ਹਿਨਾ ਪੱਥਰ ਪੇ ਘਿਸ ਜਾਨੇ ਕੇ ਬਾਅਦ। ਸੁਰਖਰੂ ਹੋਤਾ ਹੈ ਇਨਸਾਂ ਠੋਕਰੇਂ ਖਾਨੇ ਕੇ ਬਾਅਦ।" ਜੋ ਇਨਸਾਨ ਉੱਚੀ ਮੰਜ਼ਿਲ 'ਤੇ ਪਹੁੰਚ ਜਾਂਦੇ ਹਨ, ਉਹਨਾਂ ਲਈ ਦੁੱਖ ਦਾ ਖਾਤਮਾ ਹੋ ਜਾਂਦਾ ਹੈ, "ਨਾਨਕ ਭਗਤਾ ਸਦਾ ਵਿਗਾਸ" ਪਰਮ ਹੰਸ ਯੋਗਾ ਨੰਦ ਆਪਣੀ ਆਤਮ-ਕਥਾ ਵਿੱਚ ਲਿਖਦਾ ਹੈ ਕਿ ਉਸਦੇ ਮਾਤਾ-ਪਿਤਾ ਸੰਤਾਨ ਦੀ ਉੱਤਪਤੀ ਲਈ ਸਾਲ ਵਿੱਚ ਇੱਕ ਵਾਰ ਇਕੱਠੇ ਸੌਂਦੇ ਸਨ ਅਤੇ ਫੇਰ ਲਿਖਦਾ ਹੈ ਕਿ ਮੈਂ ਆਪਣੇ ਮਾਤਾ-ਪਿਤਾ ਨੂੰ ਸਾਰੀ ਉਮਰ ਵਿੱਚ ਕੇਵਲ ਇੱਕ ਵਾਰੀ ਆਪਸ ਵਿੱਚ ਨਾਰਾਜ਼ ਹੋਏ ਵੇਖਿਆ ਹੈ। ਇਹ ਹੈ ਅਸਲੀ ਪੱਧਰ ਦਾ ਇਨਸਾਨੀ ਜੀਵਨ, ਬਾਕੀ ਇਸ ਦੇਸ਼ ਦੇ ਕਰੋੜਾਂ ਵਸਨੀਕ ਖ਼ਾਕ ਇਨਸਾਨੀ ਜੀਵਨ ਬਿਤਾਉਂਦੇ ਹਨ। ਇਹ ਮਾਤਾ ਪਿਤਾ ਦੀ ਉੱਚੀ ਇਨਸਾਨੀਅਤ ਹੀ ਸੀ ਕਿ ਯੋਗਾ ਨੰਦ ਵਰਗੇ ਮਹਾਂਪੁਰਸ਼ ਦਾ ਉਹਨਾਂ ਦੇ ਘਰ ਜਨਮ ਹੋਇਆ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ। 2

(ਅ) ਮਨੁੱਖੀ ਜੀਵਨ ਵਿੱਚ ਦੁੱਖ ਦੀ ਕੀ ਮਹਾਨਤਾ ਹੈ? 2

(ੲ) ਉਪਰੋਕਤ ਪੈਰ੍ਹੇ ਵਿੱਚ ਆਏ ਹੇਠਲੇ ਸ਼ਬਦਾਂ ਦੇ ਅਰਥ ਦੱਸੋ:- 2

ਦਾਰੂ, ਸੰਤਾਨ, ਖ਼ਾਕ, ਅਗਿਆਨਤਾ।

(ਸ) ਪਰਮਹੰਸ ਯੋਗਾ ਨੰਦ ਨੇ ਆਪਣੀ ਆਤਮ-ਕਥਾ ਵਿੱਚ ਕੀ ਲਿਖਿਆ ਹੈ ? 2

(ਹ) ਕਿਨ੍ਹਾਂ ਲੋਕਾਂ ਲਈ ਦੁੱਖ ਦਾ ਖਾਤਮਾ ਹੋ ਜਾਂਦਾ ਹੈ ? 2

2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- 10

(ੳ) ਮੇਰਾ ਮਨਭਾਉਂਦਾ ਕਵੀ (ਅ) ਵਿੱਦਿਅਕ ਟੂਰ

(ੲ) ਵਿਗਿਆਨ ਦੇ ਚਮਤਕਾਰ (ਸ) ਗੁਰੂ ਗੋਬਿੰਦ ਸਿੰਘ।

3. ਹੇਠ ਲਿਖੇ ਸਿਰਲੇਖਾਂ ਵਿੱਚੋਂ ਕਿਸੇ ਇੱਕ ਉੱਪਰ ਕਹਾਣੀ ਲਿਖੋ :- 5

(ੳ) ਘੁੱਗੀ ਤੇ ਸ਼ਹਿਦ ਦੀ ਮੱਖੀ।

(ਅ) ਸ਼ੇਰ ਤੇ ਚੂਹਾ।

(ੲ) ਕਾਂ ਤੇ ਲੂੰਬੜੀ।

StudentBounty.com



4. ਆਲ਼ਾ-ਦੁਆਲ਼ਾ ਸਾਫ਼ ਰੱਖਣ ਲਈ ਦੈਨਿਕ ਭਾਸਕਰ ਦੇ ਸੰਪਾਦਕ ਨੂੰ ਪੱਤਰ ਲਿਖੋ । 1 + 3 + 1 = 5

**ਜਾਂ**

ਅਜੀਤ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਸਕੂਲ ਵਿੱਚ ਮਨਾਏ ਗਏ ਸਾਲਾਨਾ ਸਮਾਗਮ ਸੰਬੰਧੀ ਇੱਕ ਪ੍ਰੈੱਸ ਨੋਟ ਲਿਖੋ ।

5. (ੳ) ਕਿਸੇ ਦੋ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ :- 2

1. ਆਂਦਰਾ ਠਾਰਨਾ । 2. ਉੱਲੂ ਬਣਾਉਣਾ ।

3. ਸੱਜੀ ਬਾਂਹ ਹੋਣਾ । 4. ਇੱਕ ਮੁੱਠ ਹੋਣਾ ।

(ਅ) ਕਿਸੇ ਤਿੰਨ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਓ :- 3

1. ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ।
2. ਉੱਚੀ ਦੁਕਾਨ, ਫਿੱਕਾ ਪਕਵਾਨ।
3. ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ।
4. ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲ਼ਾ।

6. ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :- 3

ਕਈ ਦਿਨ ਤੋਂ ਉਹ ਸ਼ਹਿਰ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ ਕਿਉਂਕਿ ਉੱਥੇ ਮੇਲਾ ਲੱਗਿਆ ਹੋਇਆ ਸੀ ਜਿਸ ਵਿੱਚੋਂ ਉਸ ਨੇ ਕੁੱਝ ਚੀਜ਼ਾਂ ਖਰੀਦਣੀਆਂ ਸਨ

7. (ੳ) ਹੇਠ ਲਿਖੇ ਅਸ਼ੁੱਧ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ :-

1. ਦਰਵਾਜ਼ੇ ਖੜਕਦਾ ਹੈ। 1
2. ਮੈਂ ਨੇ ਇਨਾਮ ਜਿੱਤਿਆ। 1
3. ਰਵਿੰਦਰ ਪਾਠ ਯਾਦ ਕੀਤਾ । 1

(ਅ) ਪਦ-ਕਰਮ ਸੋਧ ਕੇ ਲਿਖੋ :-

1. ਜਾਂਦੇ ਹਾਂ ਘਰ ਅਸੀਂ। 1
2. ਫੜ੍ਹ ਲਿਆ ਚੋਰ ਨੂੰ ਪੁਲਿਸ ਨੇ। 1

(ੲ) 'ਹਾਂ ਵਾਚਕ' ਤੋਂ 'ਨਾਂਹ ਵਾਚਕ' ਵਾਕ ਬਣਾਓ :-

1. ਵਿਦਿਆਰਥੀ ਸਕੂਲ ਜਾਂਦਾ ਹੈ। 1
2. ਕੀ ਤੁਸੀਂ ਸ਼ਹਿਰ ਜਾਓਗੇ? 1

StudentBounty.com



8. ਹੇਠ ਲਿਖੇ ਕਾਵਿ-ਅੰਸ਼ਾਂ ਵਿੱਚੋਂ ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

1 + 1 + 1 + 1 = 4

(ੳ) ਹਰ ਰਾਤ ਗਲ਼ੀ 'ਚ ਮੈਂ ਤਾਰੇ ਕੱਠੇ ਸੌਂਦੇ ਹਾਂ,
ਇੱਕ ਦੂਜੇ ਦੇ ਨਿਸਤੇਜ ਸੁਲਗਦੇ ਅੰਗਾਂ ਦੇ ਸਾਥੀ।
ਇੱਕੋ ਦੂਜੇ ਦੀ ਨੀਂਦਰ ਵਿੱਚ ਵੀ ਆਵਣ ਤੋਂ ਸੰਗਦੇ ਹਾਂ,
ਹਰ ਸਵੇਰ ਜਦੋਂ ਮੈਨੂੰ ਅਖ਼ਬਾਰ ਆਣ ਜਗਾਉਂਦਾ ਹੈ।
ਮੈਂ ਖ਼ੂਬ ਸਮਝਦਾ ਹਾਂ ਮੇਰੇ ਘਰ ਸੂਰਜ ਆਇਆ ਹੈ,
ਸਭ ਤਾਰੇ ਗਏ ਬੁਹਾਰੇ ਹੁਣ ਮੇਰੀ ਹੀ ਵਾਰੀ ਹੈ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ ? ਕਵੀ ਦਾ ਨਾਂ ਵੀ ਦੱਸੋ।
2. ਕੌਣ-ਕੌਣ ਗਲ਼ੀ ਵਿੱਚ ਇਕੱਠੇ ਸੌਂਦੇ ਹਨ ?
3. ਅਖ਼ਬਾਰ ਦੇ ਆਉਣ ਤੇ ਅਪ੍ਰਮਾਣਿਕ ਵਿਅਕਤੀ ਕੀ ਸਮਝਦਾ ਹੈ ?
4. ਉਪਰੋਕਤ ਸਤਰਾਂ ਦੀ ਸੁਰ ਕਿਹੋ ਜਿਹੀ ਹੈ ?

(ਅ) ਸਾਵੇ-ਸਾਵੇ ਘਾਹ ਉੱਤੇ,
ਗਊਆਂ ਤੇ ਮੱਝੀਆਂ ਦਾ ਚਰਨਾ।
ਸਿਰ ਆਪਣੇ ਨੀਵੇਂ ਕੀਤੇ,
ਪਸ਼ੂਆਂ ਦਾ ਚੁੱਪ-ਚੁਪੀਤੇ,
ਚੁਗਣਾ ਤੇ ਰੱਜਣਾ ਤੇ ਨੱਸਣਾ।
ਦੇਖ-ਦੇਖ ਮੁੜ-ਮੁੜ ਲੋਚਾਂ,
ਮੈਂ ਮੁੜ ਪਸ਼ੂ ਥੀਣ ਨੂੰ,
ਆਦਮੀ ਬਣ-ਬਣ ਥੱਕਿਆ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ ? ਕਵੀ ਦਾ ਨਾਂ ਵੀ ਦੱਸੋ ।
2. ਕਿਹੜੇ ਪਸ਼ੂ ਚਰ ਰਹੇ ਹਨ ?
3. ਤੁਹਾਨੂੰ ਪਸ਼ੂਆਂ ਦਾ ਇਹ ਦ੍ਰਿਸ਼ ਕੈਸਾ ਲੱਗਾ ?
4. ਚੁਗਣਾ ਤੇ ਥੀਣ ਦਾ ਕੀ ਅਰਥ ਹੈ ?

StudentBounty.com



9. ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :- 2 + 2 + 2 = 6

(ੳ) ਭੁੱਖੇ ਭਾਣੇ ਸੌਣ ਜਿੱਥੇ ਖੇਤਾਂ ਦੇ ਰਾਣੇ,

ਸੱਜਣਾਂ ਦੇ ਰੰਗ ਜੇਹੇ ਕਣਕਾਂ ਦੇ ਦਾਣੇ,

ਜਿੱਥੇ ਦੰਮਾਂ ਵਾਲ਼ੇ ਲੈਂਦੇ ਨੇ ਲੁਕੋ,

ਨੀ ਉੱਥੇ ਮੇਰਾ ਯਾਰ ਵੱਸਦਾ।

1. ਇਹਨਾਂ ਸਤਰਾਂ ਦੀ ਸੁਰ ਕਿਹੋ ਜਿਹੀ ਹੈ ?
2. ਦੰਮਾਂ ਵਾਲ਼ੇ ਸ਼ਬਦ ਪ੍ਰਤੀਕ ਹਨ ।
3. ਉਪਰੋਕਤ ਸਤਰਾਂ ਦਾ ਕੇਂਦਰੀ ਭਾਵ ਦੱਸੋ ।

(ਅ) ਲੱਖ ਹੱਟੀਆਂ ਤੇ ਲੱਖ ਬਪਾਰੀ,

ਕਰਨ ਉਥੱਲ ਪੁਥੱਲੇ,

ਸੌਦੇ ਵੇਚਣ, ਨਵੇਂ ਵਿਹਾਝਣ,

ਮਹਿੰਗੇ ਅਤੇ ਸਵੱਲੇ,

ਕਈਆਂ ਖੱਟ-ਖੱਟ ਬੋਝੇ ਭਰ ਲਏ,

ਕਈਆਂ ਮੂਲ ਗਵਾਇਆ,

ਓਹੋ ਖੱਟੀ ਖੱਟੀ ਸਮਝੀਂ,

ਜੇੜ੍ਹੀ ਤੁਰਦਿਆਂ ਰਹਿ ਜਾਏ ਪੱਲੇ ।

1. ਉਪਰੋਕਤ ਸਤਰਾਂ ਦਾ ਭਾਵ ਅਰਥ ਲਿਖੋ ।
2. ਇਸ ਦੋਹੜੇ ਦੀ ਭਾਵਨਾ ਕਿਹੋ ਜਿਹੀ ਹੈ ?
3. 'ਓਹੋ ਖੱਟੀ ਖੱਟੀ ਸਮਝੀਂ, ਜੇੜ੍ਹੀ ਤੁਰਦਿਆਂ ਰਹਿ ਜਾਏ ਪੱਲੇ' ਸਤਰ ਦਾ ਪ੍ਰਤੀਕਾਤਮਕ ਅਰਥ ਕੀ ਹੈ ?

StudentBounty.com



10. ਕਿਸੇ ਇੱਕ ਵਾਰਤਕ ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

$1\frac{1}{2} + 1\frac{1}{2} + 1\frac{1}{2} + 1\frac{1}{2} = 6$

(ੳ) "ਕਦੇ ਸ਼ੀਸ਼ੇ 'ਚ ਮੂੰਹ ਦੇਖਿਐ ਤੂੰ ਆਪਣਾ ! ਇਹ ਗੰਦੇ ਕੱਪੜੇ! ਇਹ ਬੂਟ! ਬਰਾਂਚ ਵਿੱਚ ਕੀ ਡਿਸਿਪਲਿਨ ਰੱਖਦਾ ਹੋਵੇਂਗਾ ਤੂੰ। ਹਰਾਮਖ਼ੋਰ, ਕੰਮਚੋਰ, ਈਡੀਅਟ ………………"

1. ਇਹ ਸਤਰਾਂ ਕਿਸ ਕਹਾਣੀ ਦੀਆਂ ਹਨ ? ਕਹਾਣੀਕਾਰ ਦਾ ਨਾਂ ਵੀ ਦੱਸੋ ।
2. ਇਹ ਸ਼ਬਦ ਕਿਸ ਨੇ, ਕਿਸ ਨੂੰ ਕਦੋਂ ਕਹੇ ?
3. ਇਹਨਾਂ ਸ਼ਬਦਾਂ ਤੋਂ ਨਵੇਂ ਅਫ਼ਸਰ ਦਾ ਸੁਭਾਅ ਕਿਹੋ-ਜਿਹਾ ਜਾਪਦਾ ਹੈ ?
4. ਸ਼ਿਵਚਰਨ ਦੇ ਕੱਪੜੇ ਕਿਹੋ ਜਿਹੇ ਸਨ ?

(ਅ) "ਨਹੀਂ ਪੁੱਤਰ", ਮੈਂ ਉਹਦਾ ਸਿਰ ਪਲ਼ੋਸਦਾ ਹਾਂ, "ਕੋਕੋ ਕਾਰ ਤਾਂ ਲੈ ਹੀ ਗਈ ਐ, ਜੇ ਹੁਣ ਉਹ ਤੇਰੀ ਕਾਰ ਵੀ ਲੈਣ ਆਈ, ਮੈਂ ਉਹਨੂੰ ਮਾਰੂੰਗਾ, ਬਹੁਤ ਮਾਰੂੰਗਾ !"

1. ਇਹ ਸਤਰਾਂ ਕਿਸ ਕਹਾਣੀ ਦੀਆਂ ਹਨ? ਕਹਾਣੀਕਾਰ ਦਾ ਨਾਂ ਵੀ ਦੱਸੋ ।
2. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?
3. ਕੀ ਕਹਾਣੀਕਾਰ ਕੋਲ਼ ਕਾਰ ਸੀ ?
4. ਕਹਾਣੀਕਾਰ ਕਿਸ ਨੂੰ ਮਾਰਨ ਦੀ ਗੱਲ ਕਰਦਾ ਹੈ ?

11. ਕੋਈ ਚਾਰ ਪ੍ਰਸ਼ਨ ਕਰੋ :- 1 + 1 + 1 + 1 = 4

(ੳ) 'ਮੁੱਲ ਦੀ ਅਨਭੋੜ' ਤੋਂ ਕਿਸ ਤਰ੍ਹਾਂ ਦੀ ਭਾਵਨਾ ਪ੍ਰਗਟ ਹੁੰਦੀ ਹੈ ?

(ਅ) ਕਿਹੜੀ ਗੱਲ ਦੀਪੇ ਦੇ ਮਨ ਨੂੰ ਤਕਲੀਫ਼ ਦਿੰਦੀ ਸੀ ਤੇ ਕਿਉਂ ?

(ੲ) ਇਸ ਕਹਾਣੀ ਵਿੱਚ ਗਰਜ਼ਾਂ ਮਾਰੇ ਕੌਣ-ਕੌਣ ਹਨ ਅਤੇ ਉਹਨਾਂ ਦੀਆਂ ਕੀ-ਕੀ ਗਰਜ਼ਾਂ ਹਨ ?

(ਸ) ਮੁੰਡੇ ਦੀ ਦੁੱਧ ਪੀਣ ਦੀ ਇੱਛਾ ਕਿਉਂ ਵਧਦੀ ਗਈ ?

(ਹ) 'ਬਾਗਾਂ ਦਾ ਰਾਖ਼ਾ' ਕਹਾਣੀ ਦਾ ਲੇਖਕ ਕੌਣ ਹੈ ?

StudentBounty.com



12. ਕੋਈ ਦੋ ਪ੍ਰਸ਼ਨ ਕਰੋ :- 3 + 3 = 6

(ੳ) ਨਵੀਂ ਪੀੜ੍ਹੀ ਦੇ ਨਾਇਕ ਪਾਤਰ ਪੁੱਤਰ ਦਾ ਪਾਤਰ-ਚਿਤਰਨ ਕਰੋ ।

(ਅ) ਕਿਸ਼ਨ ਦੇਈ ਆਪਣੇ ਪੁੱਤਰ ਬਾਰੇ ਕੀ ਵਿਚਾਰ ਕਰਦੀ ਹੈ ?

(ੲ) ਸਿਪਾਹੀ ਆਪਣੇ ਇਲਾਕੇ ਬਾਰੇ ਥਾਣੇਦਾਰ ਨੂੰ ਕੀ ਕੁੱਝ ਦੱਸਦਾ ਹੈ ?

13. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :- 2 + 2 = 4

(ੳ) 'ਮਹਾਤਮਾ' ਇਕਾਂਗੀ ਦੀ ਸਮੱਸਿਆ ਸੰਖੇਪ ਕਰ ਕੇ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) 'ਦੁਨੀਆਂ ਗਰਕ ਹੋਣ ਤੇ ਆ ਗਈ ਏ। ਜਿੱਧਰ ਵੇਖੋ ਹਨੇਰ ਈ ਹਨੇਰ ਹੈ।' ਰਾਮ ਭਜਨੀ ਇਹ ਕਿਉਂ ਕਹਿੰਦੀ ਹੈ ?

(ੲ) ਪ੍ਰਸੰਗ ਸਹਿਤ ਵਿਆਖਿਆ ਕਰੋ :-

'ਦੋਸਤ, ਸੱਚ ਤਾਂ ਇਹ ਹੈ ਕਿ ਜਿੰਦਗੀ ਭਰ ਮੈਂ ਇਤਨਾ ਪਰੇਸ਼ਾਨ ਨਹੀਂ ਹੋਇਆ, ਜਿਤਨਾ ਇੱਕ ਰਾਤ ਵਿੱਚ। ਨਾ ਹੀ ਅੱਜ ਤੱਕ ਕਿਸੇ ਨੇ ਮੇਰੀ ਜ਼ਮੀਰ ਨੂੰ ਇਤਨਾ ਝੰਜੋੜਿਆ ਹੈ।'

14. ਪੰਜਾਬੀ ਇਕਾਂਗੀ ਦੇ ਨਿਕਾਸ ਅਤੇ ਵਿਕਾਸ ਬਾਰੇ ਚਰਚਾ ਕਰੋ । 5

**ਜਾਂ**

ਪੰਜਾਬੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਬਾਰੇ ਸੰਖੇਪ ਨੋਟ ਲਿਖੋ ।